# ਨਸ਼ਿਆਂ ਦਾ ਧੰਦਾ ਕਰਨ ਵਾਲੇ ਨੌਜਵਾਨਾਂ ਖ਼ਿਲਾਫ਼ ਮੁਕੱਦਮਾ ਦਰਜ, ਤਿੰਨੇ ਗ੍ਰਿਫ਼ਤਾਰ

ਮਾਨਸਾ, 29 ਅਕਤੂਬਰ (ਬਲਵਿੰਦਰ ਸਿੰਘ ਧਾਲੀਵਾਲ)- ਸਥਾਨਕ ਸ਼ਹਿਰ ਦੀ ਕੁੱਖ 'ਚ ਵਸੇ ਪਿੰਡ ਮਾਨਸਾ ਖ਼ੁਰਦ ਵਿਖੇ ਬੀਤੇ ਕੱਲ੍ਹ ਚਿੱਟੇ ਦੀ ਵੱਧ

## ਬੀਤੇ ਕੱਲ੍ਹ ਵੱਧ ਡੋਜ਼ ਨਾਲ ਹੋਈ ਸੀ ਨੌਜਵਾਨ ਦੀ ਮੌਤ

ਡੋਜ਼ ਲੈਣ ਕਾਰਨ ਨੌਜਵਾਨ ਦੀ ਹੋਈ ਮੌਤ ਦੇ ਮਾਮਲੇ 'ਚ ਪੁਲਿਸ ਨੇ ਗ਼ੈਰ-ਇਰਾਦਾ ਕਤਲ ਦਾ ਮੁਕੱਦਮਾ ਦਰਜ ਕਰਨ ਉਪਰੰਤ ਕਥਿਤ ਦੋਸ਼ੀ ਤਿੰਨੇ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਡਾ: ਨਰਿੰਦਰ ਭਾਰਗਵ ਐਸ.ਐਸ.ਪੀ. ਮਾਨਸਾ ਨੇ ਦੇਰ ਸ਼ਾਮ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਧਰਮਪ੍ਰੀਤ ਸਿੰਘ ਧੰਮੂ (20) ਦੀ ਵਧੇਰੇ ਨਸ਼ਾ ਲੈਣ ਨਾਲ ਮੌਤ ਹੋ ਗਈ ਸੀ। ਉਸ ਦੀ ਮਾਤਾ ਹਰਵਿੰਦਰ ਕੌਰ ਦੇ ਬਿਆਨਾਂ 'ਤੇ ਥਾਣਾ ਸ਼ਹਿਰੀ-2 ਮਾਨਸਾ ਪੁਲਿਸ ਨੇ ਧਾਰਾ 304 ਅਧੀਨ ਮੁਕੱਦਮਾ ਦਰਜ ਕੀਤਾ ਸੀ। ਉਨ੍ਹਾਂ ਦੱਸਿਆ ਕਿ ਗਹਿਰਾਈ ਨਾਲ ਕੀਤੀ ਜਾਂਚ ਉਪਰੰਤ ਸਾਹਮਣੇ ਆਇਆ ਕਿ ਸੁਖਵਿੰਦਰ ਸਿੰਘ ਉਰਫ਼ ਬਰੂਨੇ ਅਤੇ ਗਗਨਦੀਪ ਸਿੰਘ ਨੇ ਮ੍ਰਿਤਕ ਨੂੰ ਵੱਧ ਨਸ਼ੀਲਾ ਪਦਾਰਥ ਦੇ ਦਿੱਤਾ ਸੀ, ਜੋ ਮੌਤ ਦਾ ਕਾਰਨ ਬਣਿਆ। ਉਨ੍ਹਾਂ ਦੱਸਿਆ ਕਿ ਉਕਤ ਦੋਵਾਂ ਨੂੰ ਗ੍ਰਿਫ਼ਤਾਰ ਕਰਨ ਉਪਰੰਤ ਮੁੱਢਲੀ ਪੁੱਛਗਿੱਛ ਦੌਰਾਨ ਪਤਾ ਲੱਗਿਆ ਕਿ ਬਰੂਨੇ ਵਿਰੁੱਧ ਪਹਿਲਾਂ ਵੀ ਸ਼ਰਾਬ ਵੇਚਣ ਦਾ ਮੁਕੱਦਮਾ ਦਰਜ ਸੀ, ਹੁਣ ਉਹ ਜ਼ਮਾਨਤ 'ਤੇ ਬਾਹਰ ਆਇਆ ਸੀ, ਨੇ ਮੰਨਿਆ ਕਿ ਨਸ਼ੀਲਾ ਪਦਾਰਥ ਅਜੇ ਕੁਮਾਰ ਉਰਫ਼ ਬੰਨੀ ਵਾਸੀ ਵੀਰ ਨਗਰ ਮੁਹੱਲਾ ਮਾਨਸਾ ਤੋਂ ਖ਼ਰੀਦ ਕੇ ਲਿਆਂਦਾ ਸੀ। ਬਰੂਨੇ ਦੀ ਅਜੇ ਕੁਮਾਰ ਨਾਲ ਜਾਣ ਪਹਿਚਾਣ ਜੇਲ੍ਹ 'ਚ ਹੋਈ ਸੀ, ਜਿਸ ਦੇ ਆਧਾਰ 'ਤੇ ਤੀਜੇ ਦੋਸ਼ੀ ਨੂੰ ਵੀ ਪਰਚੇ 'ਚ ਨਾਮਜ਼ਦ ਕਰ ਕੇ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਬੰਨੀ ਅਪਰਾਧੀ ਕਿਸਮ ਦਾ ਵਿਅਕਤੀ ਹੈ, ਜੋ 2007 ਤੋਂ ਸਜ਼ਾ ਜਾਫ਼ਤਾ ਹੈ ਅਤੇ ਜਦੋਂ ਵੀ ਉਹ ਪੈਰੋਲ 'ਤੇ ਜੇਲ੍ਹ 'ਚੋਂ ਬਾਹਰ ਆਉਂਦਾ ਹੈ ਤਾਂ ਕੋਈ ਨਾ ਕੋਈ ਅਪਰਾਧ ਕਰ ਕੇ ਵਾਪਸ ਚਲਾ ਜਾਂਦਾ ਹੈ, ਦੇ ਖ਼ਿਲਾਫ਼ ਕਤਲ, ਲੜਾਈ-ਝਗੜੇ ਅਤੇ ਐਨ.ਡੀ.ਪੀ.ਐਸ. ਐਕਟ ਤਹਿਤ 10 ਮੁਕੱਦਮੇ ਦਰਜ ਹਨ ਅਤੇ ਉਸ ਨੂੰ ਵਧੀਕ ਸੈਸ਼ਨ ਜੱਜ ਮਾਨਸਾ ਦੀ ਅਦਾਲਤ ਵਲੋਂ 2007 'ਚ ਕਤਲ ਦੇ ਪਰਚੇ 'ਚ ਉਮਰ ਕੈਦ ਦੀ ਸਜ਼ਾ ਹੋਈ ਸੀ ਅਤੇ ਉਹ ਉਮਰ ਕੈਦ ਦੀ ਸਜ਼ਾ ਕੱਟ ਕੇ 18 ਅਗਸਤ 2019 ਨੂੰ ਜੇਲ੍ਹ 'ਚੋਂ ਬਾਹਰ ਆਇਆ ਸੀ, ਮੁੜ ਨਸ਼ੇ ਦੇ ਧੰਦੇ ਕਰਨ ਲੱਗ ਪਿਆ। ਐਸ.ਐਸ.ਪੀ. ਨੇ ਦੱਸਿਆ ਕਿ ਗ੍ਰਿਫ਼ਤਾਰ ਵਿਅਕਤੀਆਂ ਦਾ ਭਲਕੇ ਰਿਮਾਂਡ ਹਾਸਲ ਕੀਤਾ ਜਾਵੇਗਾ, ਤੋਂ ਹੋਰ ਵੀ ਅਹਿਮ ਖ਼ੁਲਾਸੇ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਸਪਸ਼ਟ ਕਿਹਾ ਕਿ ਨਸ਼ਿਆਂ ਦੇ ਮਾਮਲੇ 'ਚ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।



ਗ੍ਰਿਫ਼ਤਾਰ ਕੀਤੇ ਨੌਜਵਾਨ ਥਾਣਾ ਸ਼ਹਿਰੀ-2 ਮਾਨਸਾ ਦੀ ਪੁਲਿਸ ਪਾਰਟੀ ਨਾਲ। ਅਜੀਤ ਤਸਵੀਰ



ਡਾ. ਨਰਿੰਦਰ ਭਾਰਗਵ, ਐੱਸ.ਐੱਸ.ਪੀ ਮਾਨਸਾ ਜਾਣਕਾਰੀ ਦਿੰਦੇ ਹੋਏ।

# ਪੰਜਾਬ ਪੁਲੀਸ ਦਾ ਚੰਗਾ ਪੱਖ: ਬੇਸਹਾਰਾ ਔਰਤ ਨੂੰ ਮਕਾਨ ਬਣਾ ਕੇ ਦਿੱਤਾ

**ਪਤੀ ਤੇ ਪੁੱਤਰ ਦੀ ਮੌਤ ਮਗਰੋਂ ਬੇਸਹਾਰਾ ਗੁਰਦੇਵ ਕੌਰ ਦੀ ਸਿਪਾਹੀ ਜਸਕਰਨ ਸਿੰਘ ਨੇ ਕੀਤੀ ਮਦਦ**

ਨਿਰੰਜਣ ਬੋਹਾ

ਬੋਹਾ, 23 ਅਕਤੂਬਰ

ਭਾਵੇਂ ਲੋਕਾਂ ਦੇ ਦਿਲ ਦਿਮਾਗ ਵਿੱਚ ਪੰਜਾਬ ਪੁਲੀਸ ਦਾ ਅਕਸ ਵਧੇਰੇ ਚੰਗਾ ਨਹੀਂ ਹੈ ਪਰ ਕੁਝ ਵਿਰਲੇ ਪੁਲੀਸ ਮੁਲਾਜ਼ਮ ਆਪਣੇ ਨੇਕ ਕੰਮਾਂ ਰਾਹੀਂ ਇਸ ਅਕਸ ਨੂੰ ਸੁਧਾਰਨ ਵਿੱਚ ਵੀ ਲੱਗੇ ਹੋਏ ਹਨ। ਬੋਹਾ ਥਾਣੇ ਵਿੱਚ ਤਾਇਨਾਤ ਸਿਪਾਹੀ ਜਸਕਰਨ ਸਿੰਘ ਨੇ ਪਿੰਡ ਲਖਮੀਰ ਵਾਲਾ ਦੀ ਵਸਨੀਕ ਲਗਭਗ 80 ਸਾਲਾ ਬਜ਼ੁਰਗ ਔਰਤ ਮਾਤਾ ਗੁਰਦੇਵ ਕੌਰ ਦਾ ਸਹਾਰਾ ਬਣ ਕੇ ਮਾਨਵਤਾ ਦੇ ਖੇਤਰ ਵਿਚ ਚੰਗੀ ਮਿਸਾਲ ਪੇਸ਼ ਕੀਤੀ ਹੈ। ਜਾਣਕਾਰੀ ਅਨੁਸਾਰ ਬਜ਼ੁਰਗ ਔਰਤ ਮਾਤਾ ਗੁਰਦੇਵ ਕੌਰ ਦੇ ਪਤੀ ਦੀ ਪਹਿਲਾਂ ਹੀ ਮੌਤ ਹੋ ਗਈ ਸੀ ਅਤੇ ਬਾਅਦ ਵਿੱਚ ਇਕਲੌਤਾ ਪੁੱਤਰ ਵੀ ਖੇਤੀਬਾੜੀ ਕਰਦਾ ਹੋਇਆ ਸਪਰੇਹ ਚੜ੍ਹਨ ਨਾਲ ਮੌਤ ਦੇ ਮੂੰਹ ਜਾ ਪਿਆ। ਪਤੀ ਤੇ ਪੁੱਤਰ ਦੀ ਮੌਤ ਮਗਰੋਂ ਇਹ ਮਾਤਾ ਇਕੱਲੀ ਹੀ ਡਿੱਗੇ ਹੋਏ ਖੰਡਰ ਮਕਾਨ ਵਿੱਚ ਦਿਨ ਕਟੀ ਕਰ ਰਹੀ ਸੀ। ਕਾਂਸਟੇਬਲ ਜਸਕਰਨ ਸਿੰਘ ਨੇ ਉਸ ਦੇ ਢਹਿ ਚੁੱਕੇ ਮਕਾਨ ਨੂੰ ਦੁਬਾਰਾ ਬਣਾਉਣ ਦੀ ਪਹਿਲ ਕਦਮੀ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਮਾਤਾ ਦੇ ਖਸਤਾ ਹਾਲਤ ਮਕਾਨ ਨੂੰ ਢਾਹ ਕੇ ਨਵਾਂ ਕਮਰਾ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਤੇ ਜਲਦੀ ਹੀ ਨਵਾਂ ਮਕਾਨ ਬਣਾ ਕੇ ਮਾਤਾ ਗੁਰਦੇਵ ਕੌਰ ਨੂੰ ਸੌਂਪਿਆ ਜਾਵੇਗਾ।

ਮਾਤਾ ਗੁਰਦੇਵ ਕੌਰ ਨੇ ਇਸ ਪੁਲੀਸ ਮੁਲਾਜ਼ਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਸ ਨੇ ਤਾਂ ਦੁੱਖਾਂ ਦਰਦਾਂ ਦੀ ਮਾਰੀ ਨੇ ਨਵਾਂ ਮਕਾਨ ਬਣਾਉਣ ਦੀ ਆਸ ਛੱਡ ਹੀ ਦਿੱਤੀ ਸੀ ਪਰ ਜਸਕਰਨ ਸਿੰਘ ਉਸ ਲਈ ਰੱਬ ਬਣ ਕੇ ਬਹੁੜਿਆ ਹੈ। ਉਸ ਕਿਹਾ ਕਿ ਉਸ ਵੱਲੋਂ ਪਿੰਡ ਦੀ ਪੰਚਾਇਤ ਕੋਲ ਵੀ ਬਹੁਤ ਗੇੜੇ ਮਾਰੇ ਗਏ ਪਰ ਉਸ ਦੀ ਕਿਸੇ ਨੇ ਨਹੀਂ ਸੁਣੀ।



ਮਾਤਾ ਗੁਰਦੇਵ ਕੌਰ ਦਾ ਢਾਹਿਆ ਗਿਆ ਪੁਰਾਣਾ ਮਕਾਨ।




<u>ਥਾਣਾ ਬੋਹਾ (ਜਿਲ੍ਹਾ ਮਾਨਸਾ) ਦਾ ਮੁਲਾਜਮ ਸਿਪਾਹੀ ਜਸਕਰਨ ਸਿੰਘ</u>



ਥਾਣਾ ਸਰਦੂਲਗੜ੍ਹ ਪੁਲਿਸ ਪਾਰਟੀ ਹਰਿਆਣਾ ਰਾਜ 'ਚੋਂ ਬਰਾਮਦ ਕੀਤੀ 10 ਹਜ਼ਾਰ ਲੀਟਰ ਲਾਹਣ ਤੇ ਕਥਿਤ ਦੋਸ਼ੀਆਂ ਨਾਲ। ਅਜੀਤ ਤਸਵੀਰ

# ਮਾਨਸਾ ਪੁਲਿਸ ਵਲੋਂ ਤਲਾਸ਼ੀ ਵਾਰੰਟਾਂ 'ਤੇ ਹਰਿਆਣਾ ਰਾਜ 'ਚ ਛਾਪੇਮਾਰੀ ਦੌਰਾਨ 10 ਹਜ਼ਾਰ ਲੀਟਰ ਲਾਹਣ ਫੜੀ

- 7 ਵਿਅਕਤੀਆਂ ਨੂੰ ਮੌਕੇ 'ਤੇ ਕੀਤਾ ਕਾਬੂ, ਵੱਡੀ ਮਾਤਰਾ 'ਚ ਸ਼ਰਾਬ ਕਸੀਦਣ ਵਾਲਾ ਸਮਾਨ ਵੀ ਬਰਾਮਦ
- ਨਸ਼ਿਆਂ ਖ਼ਿਲਾਫ਼ ਮੁਹਿਮ ਜਾਰੀ ਰਹੇਗੀ-ਐਸ.ਐਸ.ਪੀ. ਭਾਰਗਵ

ਮਾਨਸਾ, 22 ਅਕਤੂਬਰ (ਬਲਵਿੰਦਰ ਸਿੰਘ ਧਾਲੀਵਾਲ)- ਨਸ਼ਿਆਂ ਖ਼ਿਲਾਫ਼ ਚਲਾਈ ਮੁਹਿਮ ਦੌਰਾਨ ਜ਼ਿਲ੍ਹਾ ਪੁਲਿਸ ਮਾਨਸਾ ਨੇ ਉਦੋਂ ਵੱਡੀ ਪ੍ਰਾਪਤੀ ਕੀਤੀ ਜਦੋਂ ਤਲਾਸ਼ੀ ਵਾਰੰਟਾਂ 'ਤੇ ਗੁਆਂਢੀ ਰਾਜ ਹਰਿਆਣਾ ਦੇ ਪਿੰਡ ਰੰਗਾਂ ਦੀ ਢਾਣੀ 'ਚ ਛਾਪੇਮਾਰੀ ਕਰ ਕੇ 10 ਹਜ਼ਾਰ ਲੀਟਰ ਲਾਹਣ ਬਰਾਮਦ ਕਰ ਕੇ 7 ਵਿਅਕਤੀਆਂ ਨੂੰ ਮੌਕੇ 'ਤੇ ਕਾਬੂ ਕਰ ਲਿਆ। ਉਨ੍ਹਾਂ ਕੋਲੋਂ 150 ਲੀਟਰ ਨਜਾਇਜ਼ ਸ਼ਰਾਬ ਅਤੇ ਸ਼ਰਾਬ ਕਸੀਦ ਕਰਨ ਵਾਲਾ ਸਮਾਨ ਵੀ ਵੱਡੀ ਪੱਧਰ 'ਤੇ ਫੜਿਆ ਗਿਆ ਹੈ। ਜ਼ਿਕਰਯੋਗ ਗੱਲ ਇਹ ਹੈ ਕਿ ਪੁਲਿਸ ਰੇਂਜ ਬਠਿੰਡਾ ਅੰਦਰ ਪੈਂਦੇ ਜ਼ਿਲ੍ਹਿਆਂ 'ਚੋਂ ਆਬਕਾਰੀ ਐਕਟ ਤਹਿਤ ਅੱਜ ਤੱਕ ਦੀ ਸਭ ਤੋਂ ਵੱਡੀ ਬਰਾਮਦਗੀ ਹੈ। ਡਾ: ਨਰਿੰਦਰ ਭਾਰਗਵ ਐਸ.ਐਸ.ਪੀ. ਮਾਨਸਾ ਨੇ ਦੇਰ ਸ਼ਾਮ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ 2 ਦਿਨ ਪਹਿਲਾਂ ਗੁਰਮੇਜ ਸਿੰਘ ਵਾਸੀ ਝੰਡਾ ਕਲਾਂ ਜੋ ਹਰਿਆਣਾ ਤੋਂ ਨਜਾਇਜ਼ ਸ਼ਰਾਬ ਲਿਆ ਕੇ ਵੇਚਦਾ ਸੀ, ਤੋਂ 18 ਬੋਤਲਾਂ ਨਜਾਇਜ਼ ਸ਼ਰਾਬ ਫੜ ਕੇ ਮੁਕੱਦਮਾ ਦਰਜ ਕੀਤਾ ਗਿਆ ਹੈ। ਕਥਿਤ ਦੋਸ਼ੀ ਦੀ ਪੁੱਛਗਿੱਛ ਦੇ ਚੱਲਦਿਆਂ ਇਹ ਗੱਲ ਸਾਹਮਣੇ ਆਈ ਕਿ ਉਕਤ ਪਿੰਡ 'ਚ ਵੱਡੇ ਪੱਧਰ 'ਤੇ ਸ਼ਰਾਬ ਕੱਢੀ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਪੁੱਛਗਿੱਛ 'ਤੇ ਦਰਸ਼ਨ ਸਿੰਘ, ਕਾਲੀ ਸਿੰਘ, ਗੁਰਦੀਪ ਸਿੰਘ ਦੀਪਾ, ਕੁਲਵੰਤ ਸਿੰਘ, ਗੁਰਮੇਜ ਸਿੰਘ, ਮਲਕੀਤ ਸਿੰਘ, ਦਰਸ਼ਨ ਸਿੰਘ, ਸੋਨਾ ਸਿੰਘ ਤੇ ਰਿਕੂ ਸਮੇਤ 9 ਵਿਅਕਤੀਆਂ ਨੂੰ ਉਕਤ ਨਾਲ ਮੁਕੱਦਮੇ 'ਚ ਨਾਮਜ਼ਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਹਰਿਆਣਾ ਪੁਲਿਸ ਨੂੰ ਇਤਲਾਹ ਦੇ ਕੇ ਸੰਜੀਵ ਗੋਇਲ ਡੀ.ਐਸ.ਪੀ. ਸਰਦੂਲਗੜ੍ਹ ਦੀ ਨਿਗਰਾਨੀ ਹੇਠ ਸਰਦੂਲਗੜ੍ਹ, ਝੁਨੀਰ, ਜੌੜਕੀਆਂ ਥਾਣਿਆਂ ਦੇ ਮੁੱਖ ਅਫ਼ਸਰਾਂ ਦੀ ਅਗਵਾਈ 'ਚ ਪੁਲਿਸ ਪਾਰਟੀਆਂ ਵਲੋਂ ਚੱਕ ਥਰਾਜ ਢਾਣੀ ਪਿੰਡ ਰੰਗਾ 'ਚ ਰੇਡ ਕਰ ਕੇ ਓਮ ਪ੍ਰਕਾਸ਼, ਕਸ਼ਮੀਰ ਸਿੰਘ, ਸੋਨਾ ਸਿੰਘ, ਚਾਨਣ ਸਿੰਘ, ਮਲਕੀਤ ਸਿੰਘ, ਦਰਸ਼ਨ ਸਿੰਘ, ਗੁਰਦੀਪ ਸਿੰਘ ਦੀਪਾ ਨੂੰ ਕਾਬੂ ਕਰ ਕੇ ਉਨ੍ਹਾਂ ਕੋਲੋਂ 200 ਲੀਟਰ ਵਾਲੇ 50 ਢੋਲ ਲਾਹਣ, ਨਜਾਇਜ਼ ਸ਼ਰਾਬ ਤੋਂ ਇਲਾਵਾ 4 ਗੈਸ ਸਿਲੰਡਰ, 2 ਭੱਠੀਆਂ, 2 ਵੱਡੇ ਪਤੀਲੇ, 2 ਵੱਡੇ ਟੱਬ ਵੀ ਫੜੇ ਗਏ, ਦੇ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ। ਡਾ: ਭਾਰਗਵ ਨੇ ਦੱਸਿਆ ਕਿ ਦੋਸ਼ੀਆਂ ਦਾ ਰਿਮਾਂਡ ਹਾਸਲ ਕਰ ਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ, ਤੋਂ ਹੋਰ ਵੀ ਖ਼ੁਲਾਸੇ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਖ਼ਿਲਾਫ਼ ਮੁਹਿਮ ਜਾਰੀ ਰਹੇਗੀ।

# 850 ਨਸ਼ੀਲੀਆਂ ਗੋਲੀਆਂ ਤੇ 100 ਗ੍ਰਾਮ ਗਾਂਜੇ ਸਮੇਤ 2 ਵਿਅਕਤੀ ਗ੍ਰਿਫ਼ਤਾਰ

ਮਾਨਸਾ, 19 ਅਕਤੂਬਰ (ਬਲਵਿੰਦਰ ਸਿੰਘ ਧਾਲੀਵਾਲ)- ਜ਼ਿਲ੍ਹਾ ਪੁਲਿਸ ਮਾਨਸਾ ਵਲੋਂ ਨਸ਼ਿਆਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ 850 ਨਸ਼ੀਲੀਆਂ ਗੋਲੀਆਂ, 100 ਗ੍ਰਾਮ ਗਾਂਜਾ ਬਰਾਮਦ ਕਰ ਕੇ 2 ਵਿਅਕਤੀਆਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ। ਡਾ: ਨਰਿੰਦਰ ਭਾਰਗਵ ਐਸ.ਐਸ.ਪੀ. ਮਾਨਸਾ ਨੇ ਦੱਸਿਆ ਕਿ ਝੁਨੀਰ ਪੁਲਿਸ ਵਲੋਂ ਜਗਜੀਤ ਸਿੰਘ ਉਰਫ਼ ਜੀਤ ਵਾਸੀ ਫ਼ਤਿਹਪੁਰ ਤੋਂ 850 ਨਸ਼ੀਲੀਆਂ ਗੋਲੀਆਂ ਤੇ ਸ਼ਹਿਰੀ-2 ਪੁਲਿਸ ਪਾਰਟੀ ਵਲੋਂ ਚੈਕਿੰਗ ਦੌਰਾਨ ਸ਼ੱਕੀ ਵਿਅਕਤੀ ਵਕੀਲਾਂ ਉਰਫ਼ ਮਰੀ ਵਾਸੀ ਮਾਨਸਾ ਤੋਂ 100 ਗ੍ਰਾਮ ਗਾਂਜਾ ਬਰਾਮਦ ਕਰ ਕੇ ਉਕਤ ਵਿਅਕਤੀਆਂ ਖ਼ਿਲਾਫ਼ ਮੁਕੱਦਮਾ ਦਰਜ਼ ਕਰ ਕੇ ਕਾਰਵਾਈ ਕੀਤੀ ਹੈ। ਐਸ.ਐਸ.ਪੀ. ਨੇ ਦੱਸਿਆ ਕਿ ਦੋਸ਼ੀਆਂ ਨੂੰ ਅਦਾਲਤ 'ਚ ਪੇਸ਼ ਕਰ ਕੇ ਰਿਮਾਂਡ ਹਾਸਲ ਕਰ ਕੇ ਪੁੱਛਗਿੱਛ ਕੀਤੀ ਜਾਵੇਗੀ।



**ਥਾਣਾ ਝੁਨੀਰ ਦੀ ਪੁਲਿਸ ਪਾਰਟੀ ਵਲੋਂ ਨਸ਼ੀਲੀਆਂ ਗੋਲੀਆਂ ਸਮੇਤ ਦਬੋਚੇ ਕਥਿਤ ਦੋਸ਼ੀ।** ਅਜੀਤ ਤਸਵੀਰ

# 25 ਹਜ਼ਾਰ 800 ਨਸ਼ੀਲੀਆਂ ਗੋਲੀਆਂ ਸਮੇਤ 2 ਚੜ੍ਹੇ ਪੁਲਿਸ ਅੜਿੱਕੇ

ਮਾਨਸਾ, 17 ਅਕਤੂਬਰ (ਬਲਵਿੰਦਰ ਸਿੰਘ ਧਾਲੀਵਾਲ)- ਜ਼ਿਲ੍ਹਾ ਪੁਲਿਸ ਮਾਨਸਾ ਨੇ ਨਸ਼ਿਆਂ ਤੇ ਮਾੜੇ ਅਨਸਰਾਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ ਜਿੱਥੇ ਵੱਡੀ ਮਾਤਰਾ 'ਚ ਨਸ਼ੀਲੀਆਂ ਗੋਲੀਆਂ ਬਰਾਮਦ ਕਰ ਕੇ 2 ਵਿਅਕਤੀਆਂ ਨੂੰ ਦਬੋਚ ਕੇ ਮੁਕੱਦਮੇ ਦਰਜ ਕੀਤੇ ਹਨ ਉੱਥੇ ਇਕ ਭਗੌੜੇ ਨੂੰ ਵੀ ਗ੍ਰਿਫ਼ਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਡਾ: ਨਰਿੰਦਰ ਭਾਰਗਵ ਐਸ.ਐਸ.ਪੀ. ਮਾਨਸਾ ਨੇ ਦੱਸਿਆ ਕਿ ਥਾਣਾ ਸਰਦੂਲਗੜ੍ਹ ਪੁਲਿਸ ਪਾਰਟੀ ਵਲੋਂ ਪਿੰਡ ਜਟਾਣਾ ਕਲਾਂ ਦੇ ਨਜ਼ਦੀਕ ਨਾਕੇਬੰਦੀ ਦੌਰਾਨ ਸ਼ੱਕ ਦੇ ਆਧਾਰ 'ਤੇ ਇਕ ਕਾਰ ਨੂੰ ਰੋਕ ਕੇ ਅੰਕੁਰ ਮਹਿਤਾ ਪੁੱਤਰ ਸੁਭਾਸ਼ ਚੰਦਰ ਅਤੇ ਕੰਨੂ ਪੁੱਤਰ ਮੋਹਨ ਚੰਦਰ ਵਾਸੀ ਹਾਂਸੀ (ਹਰਿਆਣਾ) ਨੂੰ ਮੌਕਾ 'ਤੇ ਕਾਬੂ ਕਰ ਕੇ ਉਨ੍ਹਾਂ ਕੋਲੋਂ 25 ਹਜ਼ਾਰ 800 ਨਸ਼ੀਲੀਆਂ ਗੋਲੀਆਂ ਫੜੀਆਂ। ਬਰਾਮਦ ਕੀਤੀਆਂ ਨਸ਼ੀਲੀਆਂ ਗੋਲੀਆਂ ਦੀ ਕੀਮਤ 4 ਲੱਖ 62 ਹਜ਼ਾਰ 60 ਰੁਪਏ ਬਣਦੀ ਹੈ। ਉਕਤ ਖ਼ਿਲਾਫ਼ ਐੱਨ.ਡੀ.ਪੀ.ਐੱਸ. ਐਕਟ ਤਹਿਤ ਕਾਰਵਾਈ ਕੀਤੀ ਗਈ ਹੈ। ਐਸ.ਐਸ.ਪੀ. ਨੇ ਦੱਸਿਆ ਕਿ ਫੜੇ ਗਏ ਦੋਵਾਂ ਵਿਅਕਤੀਆਂ ਨੂੰ ਅਦਾਲਤ ਵਿਚ ਪੇਸ਼ ਕਰ ਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ।




ਥਾਣਾ ਸਰਦੂਲਗੜ੍ਹ ਦੀ ਪੁਲਿਸ ਪਾਰਟੀ ਨਸ਼ੀਲੀਆਂ ਗੋਲੀਆਂ ਸਮੇਤ ਦਬੋਚੇ ਕਥਿਤ ਦੋਸ਼ੀਆਂ ਨਾਲ।

# ਅੱਖਾਂ 'ਚ ਮਿਰਚਾਂ ਪਾ ਕੇ ਲੁੱਟ ਖੋਹ ਦਾ ਮਾਮਲਾ 24 ਘੰਟਿਆਂ 'ਚ ਪੁਲਿਸ ਵਲੋਂ ਹੱਲ

## ਕੰਪਨੀ ਦੇ ਮੁਲਾਜ਼ਮ ਨੇ ਹੀ ਲੁੱਟ ਦਾ ਰਚਿਆ ਸੀ ਡਰਾਮਾ

ਮਾਨਸਾ, 17 ਅਕਤੂਬਰ (ਬਲਵਿੰਦਰ ਸਿੰਘ ਧਾਲੀਵਾਲ)- ਜ਼ਿਲ੍ਹਾ ਪੁਲਿਸ ਮਾਨਸਾ ਵਲੋਂ ਲੁੱਟ ਖੋਹ ਦਾ ਮਾਮਲਾ 24 ਘੰਟਿਆਂ 'ਚ ਹੱਲ ਕਰ ਕੇ ਖੋਹੀ ਰਕਮ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਹੈ। ਡਾ: ਨਰਿੰਦਰ ਭਾਰਗਵ ਐਸ.ਐਸ.ਪੀ. ਮਾਨਸਾ ਨੇ ਦੱਸਿਆ ਕਿ ਥਾਣਾ ਸਰਦੂਲਗੜ੍ਹ ਖੇਤਰ ਵਿਚ 2 ਨਾ-ਮਾਲੂਮ ਵਿਅਕਤੀਆਂ ਵਲੋਂ 15 ਅਕਤੂਬਰ ਨੂੰ ਤਰਾਸਨਾ ਫਾਈਨਾਂਸ ਸਰਵਿਸ ਲਿਮਟਿਡ ਸ਼ਾਖਾ ਸਰਦੂਲਗੜ੍ਹ ਦੇ ਮੁਲਾਜ਼ਮ ਗੁਰਬਾਜ ਸਿੰਘ ਵਾਸੀ ਭਾਗਸਰ ਜੋ ਪਿੰਡਾਂ 'ਚੋਂ ਕਿਸ਼ਤਾਂ ਦੇ ਲਗਭਗ 85 ਹਜ਼ਾਰ ਰੁਪਏ ਇਕੱਠੇ ਕਰ ਕੇ ਮੋਟਰਸਾਈਕਲ 'ਤੇ ਦਫ਼ਤਰ ਵਿਚ ਜਮ੍ਹਾਂ ਕਰਵਾਉਣ ਆ ਰਿਹਾ ਸੀ, ਨੂੰ ਪਿੰਡ ਸਰਦੂਲੇਵਾਲਾ ਕੋਲ ਮੋਟਰਸਾਈਕਲ ਸਵਾਰ ਦੋ ਨਾ-ਮਾਲੂਮ ਵਿਅਕਤੀਆਂ ਨੇ ਘੇਰ ਕੇ ਉਸ ਦੀਆਂ ਅੱਖਾਂ ਵਿਚ ਮਿਰਚਾਂ ਪਾ ਕੇ ਨਗਦੀ ਵਾਲਾ ਬੈਗ, ਇਕ ਟੈਬ ਅਤੇ ਮੋਬਾਈਲ ਫੋਨ ਖੋਹ ਕਰਨ ਦਾ ਮੁਕੱਦਮਾ ਮੈਨੇਜਰ ਦੇ ਬਿਆਨਾਂ 'ਤੇ ਦਰਜ ਕੀਤਾ ਗਿਆ ਸੀ।

ਐਸ.ਐਸ.ਪੀ. ਅਨੁਸਾਰ ਪੁਲਿਸ ਵਲੋਂ ਮਾਮਲੇ ਦੀ ਵਿਗਿਆਨਿਕ ਢੰਗ ਨਾਲ ਜਾਂਚ ਕਰ ਕੇ ਤਫ਼ਤੀਸ਼ ਦੇ ਅਰੰਭ 'ਚ ਹੀ 3 ਦੋਸ਼ੀ ਨੌਜਵਾਨਾਂ ਗੁਰਬਾਜ ਸਿੰਘ, ਹਰਮਨਪ੍ਰੀਤ ਸਿੰਘ ਤੇ ਅਰਸ਼ਦੀਪ ਸਿੰਘ ਵਾਸੀਆਨ ਭਾਗਸਰ (ਮੁਕਤਸਰ ਸਾਹਿਬ) ਨੂੰ ਬੀਤੇ ਕੱਲ੍ਹ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਕੋਲੋਂ ਖੋਹ ਕੀਤੀ ਰਕਮ 75 ਹਜ਼ਾਰ ਰੁਪਏ ਸਮੇਤ ਮੋਬਾਈਲ ਤੇ ਖੋਹ ਲਈ ਵਰਤਿਆ ਗਿਆ ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ। ਉਨ੍ਹਾਂ ਮੁੱਢਲੀ ਪੁੱਛਗਿੱਛ 'ਚ ਮੰਨਿਆ ਕਿ ਕੰਪਨੀ ਮੁਲਾਜ਼ਮ ਗੁਰਬਾਜ ਸਿੰਘ ਦੀ ਭੈਣ ਦਾ ਵਿਆਹ ਰੱਖਿਆ ਹੋਇਆ ਸੀ ਨੂੰ ਪੈਸਿਆਂ ਦੀ ਜ਼ਰੂਰਤ ਸੀ, ਨੇ ਆਪਣੇ ਨਾਲ ਹੋਰ ਸਾਥੀ ਰਲ ਕੇ ਪੈਸੇ ਹੜੱਪ ਕਰਨ ਲਈ ਇਹ ਡਰਾਮਾ ਰਚਿਆ ਗਿਆ ਸੀ। ਪੁਲਿਸ ਵਲੋਂ ਕਥਿਤ ਦੋਸ਼ੀਆਂ ਦੀ ਰਿਮਾਂਡ ਹਾਸਲ ਕਰ ਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ, ਤੋਂ ਹੋਰ ਵੀ ਖ਼ੁਲਾਸੇ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।



ਲੁੱਟ ਖੋਹ ਦੇ ਮਾਮਲੇ 'ਚ ਦਬੋਚੇ ਗਏ ਕਥਿਤ ਦੋਸ਼ੀ ਥਾਣਾ ਸਰਦੂਲਗੜ੍ਹ ਦੀ ਪੁਲਿਸ ਪਾਰਟੀ ਦੀ ਹਿਰਾਸਤ 'ਚ। ਅਜੀਤ ਤਸਵੀਰ



ਮਾਨਸਾ ਪੁਲਿਸ ਪਾਰਟੀ ਬਰਾਮਦ ਕੀਤੀਆਂ ਡੁਪਲੀਕੇਟ ਬੈਟਰੀਆਂ ਤੇ ਹੋਰ ਵਸਤਾਂ ਸਮੇਤ ਕਥਿਤ ਦੋਸ਼ੀ ਨਾਲ। ਤਸਵੀਰ : ਸੇਮੀ ਮਾਨਸਾ

# ਮਾਨਸਾ ਪੁਲਿਸ ਵਲੋਂ ਅੰਤਰਰਾਜੀ ਮੋਬਾਈਲ ਫ਼ੋਨ ਬੈਟਰੀ ਗਰੋਹ ਦਾ ਪਰਦਾਫਾਸ਼

## 1 ਕਰੋੜ ਤੋਂ ਵਧੇਰੇ ਮੁੱਲ ਦੀਆਂ ਜਾਅਲੀ ਬੈਟਰੀਆਂ ਬਰਾਮਦ

ਮਾਨਸਾ, 14 ਅਕਤੂਬਰ (ਬਲਵਿੰਦਰ ਸਿੰਘ ਧਾਲੀਵਾਲ)- ਮਾਨਸਾ ਪੁਲਿਸ ਨੇ ਅੰਤਰਰਾਜੀ ਮੋਬਾਈਲ ਫ਼ੋਨ ਬੈਟਰੀ ਗਿਰੋਹ ਦਾ ਪਰਦਾਫਾਸ਼ ਕਰ ਕੇ ਕਰੋੜ ਰੁਪਏ ਤੋਂ ਵਧੇਰੇ ਮੁੱਲ ਦੀਆਂ ਡੁਪਲੀਕੇਟ ਬੈਟਰੀਆਂ ਬਰਾਮਦ ਕੀਤੀਆਂ ਹਨ। ਇਸ ਸਬੰਧੀ ਡਾ: ਨਰਿੰਦਰ ਭਾਰਗਵ ਐਸ.ਐਸ.ਪੀ. ਨੇ ਦੱਸਿਆ ਕਿ ਮੁਖ਼ਬਰੀ ਦੇ ਆਧਾਰ 'ਤੇ ਹਰਜਿੰਦਰ ਸਿੰਘ ਗਿੱਲ ਡੀ.ਐਸ.ਪੀ. ਮਾਨਸਾ ਦੀ ਅਗਵਾਈ 'ਚ ਥਾਣਾ ਸ਼ਹਿਰੀ-2 ਦੇ ਮੁਖੀ ਇੰਸਪੈਕਟਰ ਮੋਹਨ ਲਾਲ, ਸੀ.ਆਈ.ਏ. ਸਟਾਫ਼ ਦੇ ਇੰਚਾਰਜ ਅੰਗਰੇਜ ਸਿੰਘ ਤੇ ਪੁਲਿਸ ਪਾਰਟੀ ਵਲੋਂ ਵਾਰਡ ਨੰਬਰ 9 ਦੇ ਇਕ ਘਰ ਤੇ ਦੁਕਾਨ 'ਤੇ ਸਾਂਝੇ ਤੌਰ 'ਤੇ ਛਾਪੇਮਾਰੀ ਕਰ ਕੇ ਵਿਨੋਦ ਕੁਮਾਰ ਉਰਫ਼ ਵਿਸ਼ੂ ਪੁੱਤਰ ਦਰਸ਼ਨ ਕੁਮਾਰ ਨੂੰ ਕਾਬੂ ਕਰ ਕੇ ਮੌਕੇ 'ਤੇ ਵੱਖ-ਵੱਖ ਨਾਮੀ ਕੰਪਨੀਆਂ ਦੇ ਮਾਰਕੇ ਵਾਲੀਆਂ 46 ਹਜ਼ਾਰ 663 ਡੁਪਲੀਕੇਟ ਬੈਟਰੀਆਂ ਤੋਂ ਇਲਾਵਾ ਕੁਝ ਤਿਆਰ ਕਰਨ ਵਾਲੀਆਂ ਬਿਨਾਂ ਰੈਪਰ, 14 ਵੱਡੇ ਰੋਲ, 750 ਜਾਅਲੀ ਲੀਡਾਂ, 400 ਜਾਅਲੀ ਚਾਰਜਰ ਆਦਿ ਬਰਾਮਦ ਕੀਤੇ। ਫੜੀਆਂ ਗਈਆਂ ਵਸਤਾਂ ਦੀ ਕੀਮਤ 1 ਕਰੋੜ 16 ਲੱਖ 65 ਹਜ਼ਾਰ 750 ਰੁਪਏ ਦੱਸੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਦੇ ਹੱਥ ਚੜ੍ਹੇ ਵਿਸ਼ੂ ਖ਼ਿਲਾਫ਼ ਪਹਿਲਾਂ ਵੀ ਜਾਅਲੀ ਬੈਟਰੀਆਂ ਤਿਆਰ ਕਰ ਕੇ ਵੇਚਣ ਦੇ ਦੋਸ਼ 'ਚ ਮੁਕੱਦਮਾ ਦਰਜ ਹੋਇਆ ਸੀ ਤੇ ਦੋਸ਼ੀ ਜ਼ਮਾਨਤ 'ਤੇ ਆਇਆ ਹੋਇਆ ਸੀ। ਉਹ ਸਾਰ ਮਟੀਰੀਅਲ ਚੀਨ ਦੀ ਕਾਰ ਐਮ.ਐਚ.ਟੀ.ਸੀ. ਕੰਪਨੀ ਤੋਂ ਜਹਾਜ਼ ਰਾਹੀਂ ਤੇ ਦਿੱਲੀ ਦੀ ਗੁਫਾਰ ਮਾਰਕੀਟ ਤੋਂ ਮੰਗਵਾਉਂਦੇ ਸਨ ਤੇ ਵਿਸ਼ੂ ਖ਼ੁਦ ਵੀ ਕਈ ਵਾਰ ਚੀਨ ਜਾ ਕੇ ਆਇਆ ਹੈ। ਡਾ: ਭਾਰਗਵ ਨੇ ਦੱਸਿਆ ਕਿ ਇਹ ਗਿਰੋਹ ਪੰਜਾਬ ਤੋਂ ਇਲਾਵਾ ਦਿੱਲੀ, ਰਾਜਸਥਾਨ ਦੇ ਵੱਡੇ ਸ਼ਹਿਰਾਂ 'ਚ ਇਨ੍ਹਾਂ ਬੈਟਰੀਆਂ ਦੀ ਸਪਲਾਈ ਕਰ ਕੇ ਮੋਟੀ ਕਮਾਈ ਕਰਦੇ ਸਨ। ਉਨ੍ਹਾਂ ਦਾਅਵਾ ਕੀਤਾ ਕਿ ਗਿਰੋਹ 'ਚ ਸ਼ਾਮਿਲ ਰਵੀਕਾਂਤ ਤੇ ਰਾਹੁਲ ਕੁਮਾਰ ਵਾਸੀ ਮਾਨਸਾ ਨੂੰ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਉਕਤ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਅਧੀਨ ਮੁਕੱਦਮਾ ਦਰਜ ਕਰ ਲਿਆ ਹੈ ਤੇ ਗ੍ਰਿਫ਼ਤਾਰ ਨੌਜਵਾਨ ਦਾ ਪੁਲਿਸ ਰਿਮਾਂਡ ਹਾਸਲ ਕਰ ਕੇ ਹੋਰ ਵੀ ਖ਼ੁਲਾਸੇ ਕਰਵਾਏ ਜਾਣਗੇ।



ਪੰਜਾਬ ਪੁਲਿਸ ਦੇ ਇਕ ਸ਼ਹੀਦ ਪਰਿਵਾਰ ਨੂੰ ਸਨਮਾਨਿਤ ਕਰਦੇ ਹੋਏ ਕੁਲਦੀਪ ਸਿੰਘ ਸੋਹੀ ਐੱਸ. ਪੀ. ਮਾਨਸਾ। ਅਜੀਤ ਤਸਵੀਰ

# ਕੁਰਬਾਨੀਆਂ ਦੇਣ ਵਾਲੇ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ-ਡਾ. ਭਾਰਗਵ

ਮਾਨਸਾ, 16 ਅਕਤੂਬਰ (ਬਲਵਿੰਦਰ ਸਿੰਘ ਧਾਲੀਵਾਲ)- ਕੁਰਬਾਨੀਆਂ ਦੇਣ ਵਾਲੇ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਇਹ ਪ੍ਰਗਟਾਵਾ ਡਾ. ਨਰਿੰਦਰ ਭਾਰਗਵ ਐੱਸ. ਐੱਸ. ਪੀ. ਮਾਨਸਾ ਨੇ ਕਰਦਿਆਂ ਦੱਸਿਆ ਕਿ ਜ਼ਿਲ੍ਹੇ 'ਚ ਪੁਲਿਸ ਦੇ 33 ਜਵਾਨ ਸ਼ਹੀਦ ਹੋਏ ਹਨ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਪੁਲਿਸ ਅਧਿਕਾਰੀਆਂ ਦੀਆਂ ਲਗਾਈਆਂ ਡਿਊਟੀਆਂ ਦੇ ਚੱਲਦਿਆਂ ਬੀਤੇ ਕੱਲ੍ਹ ਸਾਰੇ ਇਨ੍ਹਾਂ ਮੁਲਾਜ਼ਮਾਂ ਦੇ ਪਰਿਵਾਰਾਂ ਦੀਆਂ ਦੁੱਖ ਤਕਲੀਫ਼ਾਂ ਉਨ੍ਹਾਂ ਦੇ ਘਰ ਜਾ ਕੇ ਸੁਣੀਆਂ ਗਈਆਂ ਅਤੇ ਪਰਿਵਾਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪੁਲਿਸ ਸ਼ਹੀਦੀ ਦਿਵਸ 21 ਅਕਤੂਬਰ ਨੂੰ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼ਹੀਦ ਕਰਮਚਾਰੀਆਂ ਦੀ ਯਾਦ ਵਿਚ ਢੁੱਕਵੀਆਂ ਥਾਵਾਂ 'ਤੇ ਉਨ੍ਹਾਂ ਦੇ ਨਾਂਅ ਦੀ ਤਖ਼ਤੀ ਲਗਾ ਕੇ ਬੂਟੇ ਵੀ ਲਗਾਏ ਗਏ ਅਤੇ ਵਿੱਦਿਅਕ ਅਦਾਰਿਆਂ 'ਚ ਵਿਦਿਆਰਥੀਆਂ ਨੂੰ ਸ਼ਹੀਦਾਂ ਦੀ ਕੁਰਬਾਨੀ ਸਬੰਧੀ ਜਾਣੂ ਕਰਵਾ ਕੇ ਸ਼ਹੀਦਾਂ ਦੇ ਪਾਏ ਪੂਰਨਿਆਂ ਤੇ ਚੱਲਣ ਲਈ ਪ੍ਰੇਰਿਆ ਗਿਆ। ਇਸ ਮੌਕੇ ਕੁਲਦੀਪ ਸਿੰਘ ਸੋਹੀ ਐੱਸ. ਪੀ. (ਪੀ.ਬੀ.ਆਈ.), ਹਰਜਿੰਦਰ ਸਿੰਘ ਗਿੱਲ ਡੀ. ਐੱਸ. ਪੀ. ਸਬ ਡਵੀਜ਼ਨ ਮਾਨਸਾ ਤੇ ਹੋਰ ਅਧਿਕਾਰੀ ਹਾਜ਼ਰ ਸਨ।